**Punjabi**

# ਏਥੰਬਿਊਟੋਲ
# ETHAMBUTOL

ਏਥੰਬਿਊਟੋਲ ਐਂਟੀਬਾਇਟਿਕ ਨੂੰ ਤਪਦਿੱਕ ਦੇ ਇਲਾਜ ਲਈ ਵਰਤਿਆ ਜਾਂਦਾ ਹੈ ਅਤੇ ਕਦੀ ਕਦੀ ਹੋਰ ਇਹੋ ਜਿਹੀਆਂ ਇਨਫ਼ੈਕਸ਼ਨਜ਼ ਲਈ ਵੀ ਵਰਤਿਆ ਜਾਂਦਾ ਹੈ।

## ਮੈਨੂੰ ਇਹ ਕਦੋਂ ਲੈਣੀ ਚਾਹੀਦੀ ਹੈ? (When should I take this?)

- ਇਹ ਦਵਾਈ ਹਰ ਰੋਜ਼ ਇੱਕੋ ਸਮੇਂ ਤੇ ਲਵੋ। ਇਸ ਤਰ੍ਹਾਂ ਤੁਹਾਨੂੰ ਦਵਾਈ ਲੈਣ ਦਾ ਚੇਤਾ ਰਹੇਗਾ।

## ਮੈਂ ਇਹ ਦਵਾਈ ਕਿਵੇਂ ਲਵਾਂ? (How should I take this?)

- ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਇਹ ਦਵਾਈ ਲਗਾਤਾਰ ਲਵੋ।
- ਦਵਾਈ ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਲਵੋ।

## ਜੇ ਮੇਰੀ ਇੱਕ ਖ਼ੁਰਾਕ ਛੁੱਟ ਜਾਏ ਤਾਂ ਮੈਂ ਕੀ ਕਰਾਂ? (What should I do if I miss a dose?)

- ਜੇ ਖ਼ੁਰਾਕ ਛੁੱਟ ਜਾਏ ਤਾਂ ਜਦੋਂ ਯਾਦ ਆਵੇ ਲੈ ਲਵੋ। ਪਰ ਜੇ ਹੁਣ ਅਗਲੀ ਖ਼ੁਰਾਕ ਦਾ ਸਮਾਂ ਹੋ ਗਿਆ ਹੈ ਤਾਂ ਅਗਲੀ ਖ਼ੁਰਾਕ ਹੀ ਲਵੋ, ਜਿਹੜੀ ਖ਼ੁਰਾਕ ਛੁੱਟ ਗਈ ਉਹ ਰਹਿਣ ਦਿਓ।
- **ਦੁੱਗਣੀ ਖ਼ੁਰਾਕ ਕਦੇ ਨਾ ਲਵੋ।**

## ਦਵਾਈ ਦੇ ਚੱਲਦਿਆਂ ਕੀ ਮੈਨੂੰ ਕਿਸੇ ਚੀਜ਼ ਦਾ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)

- ਏਥੰਬਿਊਟੋਲ ਨੂੰ ਹੇਠ ਲਿਖੀਆਂ ਤੋਂ ਘੱਟੋ ਘੱਟ **4 ਘੰਟੇ ਪਹਿਲਾਂ ਜਾਂ 4 ਘੰਟੇ ਬਾਅਦ** ਲਵੋ:
  - ਅਲਮੀਨੀਅਮ ਵਾਲੇ ਐਂਟਐਸਿਡ ਜਾਂ ਸੰਪੂਰਕ ਜਿਨ੍ਹਾਂ ਵਿਚ ਅਲਮੀਨੀਅਮ ਹੋਵੇ

ਆਪਣੇ ਡਾਕਟਰ, ਨਰਸ ਅਤੇ ਫਾਰਮਾਸਿਸਟ ਨੂੰ ਦੱਸੋ ਜੇ ਕਰ ਤੁਸੀਂ ਕਾਊਂਟਰ ਤੇ ਮਿਲਣ ਵਾਲੀਆਂ ਆਮ ਦਵਾਈਆਂ (ਜੋ ਡਾਕਟਰ ਵੱਲੋਂ ਨਿਰਧਾਰਿਤ ਨਹੀਂ) ਸਮੇਤ **ਕੋਈ ਹੋਰ ਦਵਾਈਆਂ ਵੀ ਲੈਂਦੇ ਹੋ।**

## ਦਵਾਈ ਦੇ ਕੀ ਸੰਭਵ ਗੌਣ ਪ੍ਰਭਾਵ ਹੋ ਸਕਦੇ ਹਨ? (What are some possible side effects?)

- ਪੇਟ ਵਿਚ ਗੜਬੜ, ਦਿਲ ਕੱਚਾ ਹੋਣਾ ਜਾਂ ਉਲਟੀਆਂ

**ਸਾਵਧਾਨੀ (Caution): ਜੇਕਰ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨੂੰ ਫ਼ੋਨ ਕਰੋ:**

- **ਨਜ਼ਰ** ਵਿਚ ਬਦਲਾਅ ਜਾਂ ਧੁੰਦਲਾਪਣ ਹੋਣਾ
- ਲਾਲ ਅਤੇ ਹਰੇ ਰੰਗ ਵਿਚ ਫਰਕ ਕਰਨਾ ਮੁਸ਼ਕਲ ਹੋਣਾ
- ਰੈਸ਼

**ਜੇ ਕਰ ਕੋਈ ਹੋਰ ਅਸਾਧਾਰਨ ਲੱਛਣ ਜੋ ਉੱਪਰ ਨਹੀਂ ਲਿਖਿਆ ਗਿਆ ਤੁਹਾਨੂੰ ਨਜ਼ਰ ਆਉਂਦਾ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।**

# ਏਥੰਬਿਊਟੋਲ (ਚੱਲਦਾ)
# ETHAMBUTOL (cont'd)

**ਏਥੰਬਿਊਟੋਲ ਲੈਣ ਲਈ ਮੈਨੂੰ ਹੋਰ ਕਿਸ ਜਾਣਕਾਰੀ ਦੀ ਲੋੜ ਹੈ? (What else do I need to know about taking ETHAMBUTOL?)**

- ਜੇ ਤੁਹਾਡੀ ਇਨ੍ਹਾਂ ਵਿਚੋਂ ਕੋਈ ਵੀ **ਹਾਲਤ** ਹੈ ਤਾਂ ਆਪਣੇ ਡਾਕਟਰ ਨੂੰ ਦੱਸੋ: ਅੱਖਾਂ ਵਿਚ ਤਕਲੀਫ਼ ਜਾਂ ਬਿਮਾਰੀ, ਗਠੀਆ, ਗੁਰਦਿਆਂ ਦੀ ਬਿਮਾਰੀ, ਜਿਗਰ ਦੀ ਬਿਮਾਰੀ।
- ਇਹ ਬੜਾ ਜ਼ਰੂਰੀ ਹੈ ਕਿ ਡਾਕਟਰ ਦੇ ਕਹੇ ਮੁਤਾਬਿਕ ਤੁਸੀਂ ਸਾਰੇ **ਲੈਬ ਟੈੱਸਟ ਅਤੇ ਅੱਖਾਂ ਦੀ ਨਜ਼ਰ ਦੇ ਟੈੱਸਟ** ਕਰਵਾਓ ਅਤੇ ਡਾਕਟਰ ਜਾਂ ਨਰਸ ਨਾਲ ਸਾਰੀਆਂ **ਨਿਰਧਾਰਿਤ ਮੁਲਾਕਾਤਾਂ** ਤੇ ਆਓ।
- ਜੇ ਤੁਸੀਂ **ਗਰਭਵਤੀ ਹੋ** ਜਾਂ ਗਰਭ ਧਾਰਨ ਕਰਨਾ ਚਾਹੁੰਦੀ ਹੋ ਜਾਂ ਆਪਣੇ ਬੱਚੇ ਨੂੰ **ਦੁੱਧ ਚੁੰਘਾਉਣਾ** ਚਾਹੁੰਦੀ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਂ ਆਪਣੀਆਂ ਦਵਾਈਆਂ ਨੂੰ ਕਿੱਥੇ ਰੱਖਾਂ? (Where should I store this medication?)**

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੌਸ਼ਨੀ ਤੋਂ ਬਚਾਓ
- ਗੋਲੀਆਂ: ਕਮਰੇ ਦੇ ਤਾਪਮਾਨ ਤੇ ਠੰਢੀ ਅਤੇ ਸੁੱਕੀ ਜਗ੍ਹਾ ਤੇ ਰੱਖੋ।
- ਸਸਪੈਨਸ਼ਨ: ਕਮਰੇ ਦੇ ਤਾਪਮਾਨ ਤੇ ਠੰਢੀ ਅਤੇ ਸੁੱਕੀ ਜਗ੍ਹਾ ਤੇ ਰੱਖੋ। ਵਰਤਣ ਤੋਂ ਪਹਿਲਾਂ ਚੰਗੀ ਤਰ੍ਹਾਂ ਹਿਲਾ ਲਵੋ।

**ਜੇ ਮੇਰੇ ਕੋਈ ਹੋਰ ਸੁਆਲ ਹੋਣ ਤਾਂ ਮੈਂ ਕਿੱਥੇ ਫੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ, ਕਲੀਨਿਕ ਜਾਂ ਪਬਲਿਕ ਹੈਲਥ ਯੂਨਿਟ: ______________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫਾਰਮੇਸੀ ਸਰਵਿਸਿਜ਼: | 604-707-2580 |



Provincial Health Services Authority
Province-wide solutions. Better health.
ACCREDITED · AGRÉÉ · CCHSA · CCASS
*A research and teaching centre affiliated with UBC*